# ਸਾਲ ਦੇ ਸ਼ੁਰੂ 'ਚ ਕਾਂਗਰਸ 'ਚ ਲੜ ਫੜ ਕੇ ਸਾਲ ਦੇ ਅਖੀਰ ਵਿੱਚ ਕਾਂਗਰਸ ਨੂੰ ਅਲਵਿਦਾ ਕਹਿ ਗਏ ਹੰਸ ਰਾਜ ਹੰਸ



**ਨਵੀਂ ਦਿੱਲੀ/ ਭਵਨਦੀਪ ਸਿੰਘ ਪੁਰਬਾ**

ਗਾਇਕ ਹੰਸ ਰਾਜ ਹੰਸ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨਾਲ ਸਿੱਧੇ ਸੰਪਰਕ ਕਰਕੇ ਪ੍ਰਦੇਸ਼ ਭਾਜਪਾ ਪ੍ਰਧਾਨ ਵਿਜੈ ਸਾਂਪਲਾ ਕੋਲ ਪਾਰਟੀ 'ਚ ਸ਼ਾਮਲ ਹੋ ਗਏ ਹਨ।

ਜ਼ਿਕਰਯੋਗ ਹੈ ਕਿ ਕਰੀਬ ਇਕ ਸਾਲ ਤਕ ਸਿਆਸਤ ਤੋਂ ਦੂਰ ਰਹਿਣ ਤੋਂ ਬਾਅਦ 20 ਫਰਵਰੀ, 2016 ਨੂੰ ਉਹ ਕਾਂਗਰਸ 'ਚ ਸ਼ਾਮਲ ਹੋ ਗਏ ਸਨ। ਉਦੋਂ ਉਹ ਰਾਜ ਸਭਾ ਮੈਂਬਰ ਬਣਨ ਦੇ ਚਾਹਵਾਨ ਸਨ ਪਰ ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਨਾਲ ਵਾਅਦਾ ਕਰਕੇ ਵੀ ਰਾਜ ਸਭਾ ਦਾ ਮੈਂਬਰ ਬਣਾਉਣ ਤੋਂ ਨਾਕਾਮ ਰਹੇ। ਸਾਲ ਦੇ ਸ਼ੁਰੂ 'ਚ ਕਾਂਗਰਸ 'ਚ ਲੜ ਫੜ ਕੇ ਸਾਲ ਦੇ ਅਖੀਰ ਵਿੱਚ ਕਾਂਗਰਸ ਨੂੰ ਅਲਵਿਦਾ ਕਹਿ ਗਏ। ਨਵੀਂ ਦਿੱਲੀ 'ਚ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਅਮਿਤ ਸ਼ਾਹ ਦੀ ਮੌਜੂਦਗੀ 'ਚ ਉਨ੍ਹਾਂ ਨੇ ਭਾਜਪਾ 'ਚ ਸ਼ਾਮਲ ਹੋਣ ਦਾ ਐਲਾਨ ਕੀਤਾ। ਉਹ ਅਕਾਲੀ ਦਲ ਦੇ ਬਾਅਦ ਕਾਂਗਰਸ 'ਚ ਵੀ ਮੀਤ ਪ੍ਰਧਾਨ ਰਹੇ ਹਨ।

2009 'ਚ ਅਕਾਲੀ ਦਲ ਦੀ ਟਿਕਟ 'ਤੇ ਲੋਕ ਸਭਾ ਚੋਣ ਲੜਨ ਵਾਲੇ ਹੰਸ ਰਾਜ ਹੰਸ ਕਾਂਗਰਸ ਦੇ ਮਹਿੰਦਰ ਸਿੰਘ ਕੇ.ਪੀ. ਤੋਂ ਹਾਰ ਗਏ ਸਨ। 2014 ਦੀਆਂ ਚੋਣਾਂ 'ਚ ਅਕਾਲੀ ਦਲ ਵੱਲੋਂ ਉਨ੍ਹਾਂ ਦੀ ਥਾਂ 'ਤੇ ਪਵਨ ਟੀਨੂੰ ਨੂੰ ਉਮੀਦਵਾਰ ਬਣਾਏ ਜਾਣ ਕਾਰਨ ਉਨ੍ਹਾਂ ਦੇ ਅਕਾਲੀ ਦਲ ਨਾਲ ਰਿਸ਼ਤਿਆਂ 'ਚ ਤਰੇੜ ਆ ਗਈ ਸੀ। ਇਹ ਗੱਲ ਮੰਨਣਯੋਗ ਹੈ ਕਿ ਦੁਆਬਾ ਇਲਾਕੇ ਜਲੰਧਰ, ਕਪੂਰਥਲਾ, ਹੁਸ਼ਿਆਰਪੁਰ, ਨਵਾਂਸ਼ਹਿਰ ਵਿੱਚ ਹੰਸ ਰਾਜ ਹੰਸ ਦੀ ਵਾਲਮੀਕ ਭਾਈਚਾਰੇ ਵਿੱਚ ਤਕੜੀ ਪਕੜ ਹੈ।

ਹੰਸ ਰਾਜ ਹੰਸ ਨੇ ਖ਼ੁਦ ਪੰਜਾਬ ਵਿਧਾਨ ਸਭਾ ਚੋਣਾਂ-2017 ਲੜਨ ਤੋਂ ਇਨਕਾਰ ਕੀਤਾ ਹੈ ਪਰ ਭਾਜਪਾ ਸੂਤਰਾਂ ਮੁਤਾਬਕ ਪਾਰਟੀ ਦਾ ਇਕ ਵਰਗ ਉਨ੍ਹਾਂ ਨੂੰ ਜਲੰਧਰ ਪੱਛਮੀ ਹਲਕੇ ਤੋਂ ਉਮੀਦਵਾਰ ਬਣਾਉਣ ਲਈ ਤਿਆਰ ਹੈ। ਇਸ ਦੇ ਇਲਾਵਾ ਦੀਨਾਨਗਰ ਅਤੇ ਅੰਮ੍ਰਿਤਸਰ ਪੱਛਮੀ ਹਲਕੇ ਨੂੰ ਲੈ ਕੇ ਵੀ ਉਨ੍ਹਾਂ ਦੇ ਨਾਂ 'ਤੇ ਵਿਚਾਰ ਸ਼ੁਰੂ ਹੋ ਗਿਆ ਹੈ। ਪੰਜਾਬ ਪ੍ਰਦੇਸ ਕਾਂਗਰਸ ਨੇ ਗਾਇਕ ਹੰਸ ਰਾਜ ਹੰਸ ਵਲੋਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋਣ ਨੂੰ ਮੌਕਾਪ੍ਰਸਤੀ ਕਰਾਰ ਦਿੱਤਾ ਹੈ।

# ਸਾਬਕਾ ਪ੍ਰਧਾਨ ਡਾ. ਮਨਮੋਹਨ ਸਿੰਘ ਨੇ ਨੋਟਬੰਦੀ ਦੀ ਸਖ਼ਤ ਸ਼ਬਦਾਂ ਵਿੱਚ ਕੀਤੀ ਨਿਖੇਧੀ

**ਨਵੀਂ ਦਿੱਲੀ/ਮਵਦੀਲਾ ਬਿਓਰੋ**



ਸਾਬਕਾ ਪ੍ਰਧਾਨ ਮੰਤਰੀ ਤੇ ਉੱਘੇ ਅਰਥ ਸ਼ਾਸਤਰੀ ਮਨਮੋਹਨ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਲਾਗੂ ਕੀਤੀ ਨੋਟਬੰਦੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਮਨਮੋਹਨ ਸਿੰਘ ਨੇ ਆਖਿਆ ਕਿ ਮੋਦੀ ਦੀ ਨੋਟਬੰਦੀ ਕਾਰਨ ਆਉਣ ਵਾਲੇ ਦਿਨਾਂ ਵਿੱਚ ਦੇਸ਼ ਦੇ ਆਮ ਲੋਕਾਂ ਨੂੰ ਹੋਰ ਜ਼ਿਆਦਾ ਦਿੱਕਤਾਂ ਦਾ ਸਾਹਮਣਾ ਕਰਨ ਪਵੇਗਾ। ਉਨ੍ਹਾਂ ਆਖਿਆ ਕਿ ਮੋਦੀ ਨੇ ਪ੍ਰਧਾਨ ਮੰਤਰੀ ਦੇ ਮੌਲਿਕ ਅਧਿਕਾਰਾਂ ਦੀ ਦੁਰਵਰਤੋਂ ਕਰਦਿਆਂ ਇੱਕ ਅਰਬ ਭਾਰਤੀਆਂ ਨਾਲ ਵਿਸ਼ਵਾਸਘਾਤ ਕੀਤਾ ਹੈ। ਉਨ੍ਹਾਂ ਆਖਿਆ ਕਿ ਨੋਟਬੰਦੀ ਕਾਰਨ ਇਮਾਨਦਾਰ ਹਿੰਦੁਸਤਾਨੀਆਂ ਨੂੰ ਭਾਰੀ ਨੁਕਸਾਨ ਹੋਵੇਗਾ ਜਦੋਂਕਿ ਬੇਈਮਾਨ ਤੇ ਕਾਲਾ ਧੰਨ ਜਮ੍ਹਾਂ ਕਰਨ ਵਾਲੇ ਇਸ ਦੇ ਬਾਵਜੂਦ ਬਚ ਨਿਕਲਣਗੇ।

ਡਾਕਟਰ ਮਨਮੋਹਨ ਸਿੰਘ ਅਨੁਸਾਰ 90 ਫ਼ੀਸਦੀ ਤੋਂ ਜ਼ਿਆਦਾ ਭਾਰਤੀ ਕਾਮਿਆਂ ਨੂੰ ਅੱਜ ਵੀ ਤਨਖ਼ਾਹ ਨਕਦੀ ਦੇ ਰੂਪ ਵਿੱਚ ਮਿਲਦੀ ਹੈ। ਉਨ੍ਹਾਂ ਆਖਿਆ ਕਿ ਇਸ ਨੂੰ ਕਾਲਾ ਧਨ ਦੇ ਨਾਮ ਨਾਲ ਬਦਨਾਮ ਕਰਨਾ ਤੇ ਕਰੋੜਾਂ ਭਾਰਤੀਆਂ ਦੀ ਜ਼ਿੰਦਗੀ ਨੂੰ ਬੁਰੇ ਦੌਰ ਵਿੱਚ ਧੱਕ ਦੇਣਾ ਵਿਸ਼ਾਲ ਤ੍ਰਾਸਦੀ ਹੈ। ਡਾਕਟਰ ਮਨਮੋਹਨ ਸਿੰਘ ਅਨੁਸਾਰ ਜ਼ਿਆਦਾਤਰ ਭਾਰਤੀ ਨਕਦੀ ਵਿੱਚ ਕਮਾਉਂਦੇ ਹਨ, ਨਕਦੀ ਵਿੱਚ ਹੀ ਲੈਣ-ਦੇਣ ਕਰਦੇ ਹਨ ਤੇ ਨਕਦੀ ਵਿੱਚ ਹੀ ਬੱਚਤ ਕਰਦੇ ਹਨ। ਲੋਕਤੰਤਰ ਵਿੱਚ ਇਸ ਦੀ ਰਾਖੀ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੁੰਦੀ ਹੈ।

# ਵਕੀਲ ਦੇ ਦਫ਼ਤਰ 'ਚੋਂ ਮਿਲੀ 13.65 ਕਰੋੜ ਦੀ ਰਾਸ਼ੀ ਨਾਲ ਭਰੀ ਅਲਮਾਰੀ

**ਨਵੀਂ ਦਿੱਲੀ/**



ਦਿੱਲੀ ਗ੍ਰੇਟਰ ਕਲਾਸ਼ ਇਲਾਕੇ ਵਿੱਚ ਟੀ ਐਂਡ ਟੀ ਨਾਮਕ ਇੱਕ ਲਾਅ ਫ਼ਰਮ ਦੇ ਦਫ਼ਤਰ ਵਿੱਚ ਗੁਪਤ ਸੂਚਨਾ ਦੇ ਆਧਾਰ ਉੱਤੇ ਪੁਲਿਸ ਅਤੇ ਆਮਦਨ ਕਰ ਵਿਭਾਗ ਨੇ ਛਾਪਾ ਮਾਰ ਕੇ 13.65 ਕਰੋੜ ਦੀ ਰਾਸ਼ੀ ਬਰਾਮਦ ਕੀਤੀ ਹੈ। ਬਰਾਮਦ ਕੀਤੀ ਗਈ ਰਾਸ਼ੀ ਵਿਚੋਂ ਢਾਈ ਕਰੋੜ ਰੁਪਏ 2000 ਦੇ ਨਵੇਂ ਨੋਟਾਂ ਦੀ ਹੈ। ਇਸ ਤੋਂ ਇਲਾਵਾ ਨੋਟਾਂ ਦੀ ਗਿਣਤੀ ਕਰਨ ਵਾਲੀਆਂ ਦੋ ਮਸ਼ੀਨਾਂ ਵੀ ਬਰਾਮਦ ਹੋਈਆਂ ਹਨ।

ਲਾਅ ਫ਼ਰਮ ਦਾ ਕਰਤਾ ਧਰਤਾ ਰੋਹਿਤ ਟੰਡਨ ਨਾਮਕ ਵਕੀਲ ਹੈ। ਇਸ ਤੋਂ ਪਹਿਲਾਂ ਪਿਛਲੇ ਸਾਲ ਵੀ ਆਮਦਨ ਕਰ ਵਿਭਾਗ ਨੇ ਰੋਹਿਤ ਟੰਡਨ ਦੇ ਟਿਕਾਣਿਆਂ ਉੱਤੇ ਛਾਪੇਮਾਰੀ ਕੀਤੀ ਸੀ। ਜਿਸ ਵਿੱਚ ਉਸ ਕੋਲੋਂ ਕਾਫ਼ੀ ਪੈਸਾ ਫੜਿਆ ਗਿਆ ਸੀ।

ਰੋਜ਼ਗਾਰ

ਪੈਸਾ ਕਮਾਓ

ਆਪਣੇ ਖਰਚੇ ਨੂੰ ਬਣਾਉ

ਪੈਸਾ ਕਮਾਓ

ਆਪਣੀ ਇਨਕਮ ਦਾ ਸਾਧਨ

ਅਸੀਂ ਦੇਵਾਂਗੇ ਤੁਹਾਨੂੰ ਆਰਥਿਕ ਅਜ਼ਾਦੀ, ਚੰਗੀ ਸਿਹਤ, ਨਿੱਤ ਵਰਤੋਂ ਦੀਆਂ ਵਸਤੂਆਂ ਵਧਾਈ ਕੁਆਲਿਟੀ ਅਤੇ ਜ਼ਹਿਰਾਂ ਤੋਂ ਰਹਿਤ ਹੋਣਗੀਆਂ। ਜਿਸ ਨੂੰ ਘਰ ਵਰਤਣ ਨਾਲ ਤੁਸੀਂ ਆਪਣੇ ਪਰਿਵਾਰ ਅਤੇ ਆਪਣੀ ਜੇਬ ਦੀ ਸਿਹਤ ਵਧੀਆ ਰੱਖ ਸਕਦੇ ਹੋ।

ਕੋਈ ਜੋਆਨਿੰਗ ਫੀਸ ਨਹੀਂ

ਹਰ ਵਰਗ ਦੇ ਲੋਕ ਭਾਵੇਂ ਉਹ ਅਨਪੜ੍ਹ ਹੋਣ, ਕੋਈ ਉਮਰ ਸੀਮਾ ਨਹੀਂ, ਕਿਸੇ ਤਜ਼ਰਬੇ ਦੀ ਜ਼ਰੂਰਤ ਨਹੀਂ

ਵਧੇਰੇ ਜਾਣਕਾਰੀ ਲਈ ਮਿਲੋ -

Contact : Lovepreet Singh, Mob. 94786-80332
Shavinder Singh, Mob. 94179-80199
Jaswinder Singh Brar, Mob. 94638-94092

FAUJI RMCL MART

Kot Kapura Bye Pass, Near Bahona Chownk, Moga (Pb.)

# ਕੁੜੀਆਂ ਦੀ ਘੱਟਦੀ ਗਿਣਤੀ ਚਿੰਤਾਂ ਦਾ ਵਿਸ਼ਾ : ਚੁੱਪਕੀਤੀ

**ਮੋਗਾ/ਜਸਵੀਰ ਪੁੜੈਣ**

ਹਿੰਦੋਸਤਾਨ ਭਾਵੇਂ ਬੁਲੰਦੀਆਂ ਨੂੰ ਛੂਹ ਰਿਹਾ ਹੈ ਪਰ ਹਾਈਟੈਕ ਸੋਚ ਵਾਲੇ ਆਧੁਨਿਕ ਮਨੁੱਖ ਨੇ ਕੁਦਰਤੀ ਵਰਦਾਨਾਂ ਦਾ ਨਾਸ਼ ਕਰਕੇ ਗਲੋਬਲ ਵਾਰਮਿੰਗ ਨਾਲ ਹਵਾ, ਪਾਣੀ 'ਚ ਜ਼ਹਿਰ ਘੋਲ ਦਿੱਤਾ ਹੈ। ਬੇਸ਼ੱਕ ਪੁਰਾਣੇ ਮਾਪਦੰਡ ਵੀ ਤੇਜ਼ੀ ਨਾਲ ਬਦਲ ਰਹੇ ਹਨ ਪਰ ਧੀ ਦੀ ਜਨਮ ਤੋਂ ਪਹਿਲਾਂ ਹੀ ਹੱਤਿਆ ਕਰ ਦੇਣੀ ਅਣਮਨੁੱਖੀ ਵਰਤਾਰੇ ਨੇ ਸਾਡੇ ਸਮਾਜ ਨੂੰ ਕਲੰਕਿਤ ਕਰ ਦਿੱਤਾ ਹੈ।



ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਪਿੰਡ ਚੁੱਪਕੀਤੀ (ਮੋਗਾ) ਦੇ ਸਮਾਜ ਸੇਵੀ ਆਗੂ ਜਗਸੀਰ ਸਿੰਘ ਖ਼ਾਲਸਾ ਨੇ ਕਿਹਾ ਕਿ ਸਮਾਜ ਦੀਆਂ ਧੀਆਂ ਪ੍ਰਤੀ ਪੱਖਪਾਤੀ ਸੋਚ-ਵਿਹਾਰ ਵੇਖ ਕੇ ਲੱਗਦਾ ਹੀ ਨਹੀਂ ਕਿ ਅਸੀਂ 21ਵੀਂ ਸਦੀ 'ਚ ਜੀਅ ਰਹੇ ਹਾਂ ਜਾਂ 18ਵੀਂ ਸੀ ਵਿਚ ਪਰ ਕੁੱਖ 'ਚ ਕੁੜੀ ਮਾਰਨ ਦਾ ਸਿਲਸਿਲਾ ਕਾਫੀ ਪੁਰਾਣਾ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਯੁੱਗ ਨੇ ਏਨੀ ਤਰੱਕੀ ਕਰ ਲਈ ਹੈ ਕਿ ਅਲਟਰਾ ਸਾਊਂਡ ਮਸ਼ੀਨਾਂ ਦੀ ਖੋਹ ਗਰਭ 'ਚ ਪਲ ਰਹੇ ਬੱਚੇ ਦੀ ਸਿਹਤ ਤੇ ਸਰੀਰਕ ਤਬਦੀਲੀਆਂ ਤੇ ਬਿਮਾਰੀਆਂ ਨੂੰ ਦੇਖਣ ਲਈ ਕੀਤੀ ਸੀ ਪਰ ਇਸ ਦੀ ਦੁਰਵਰਤੋਂ ਹੋਣ ਲੱਗ ਪਈ। ਉਨ੍ਹਾਂ ਕਿਹਾ ਕਿ ਜਿਸ ਘਰ ਧੀ ਦਾ ਜਨਮ ਹੁੰਦਾ ਹੈ, ਉਹ ਘਰ ਭਾਗਾਂ ਵਾਲਾ ਹੁੰਦਾ ਹੈ ਕਿਉਂਕਿ ਵੱਡੀਆਂ ਹੋ ਕੇ ਧੀਆਂ ਹੀ ਮਾਪਿਆਂ ਦਾ ਦਰਦ ਵੰਡਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਧੀ ਭਾਵੇਂ 7 ਸਮੁੰਦਰੋਂ ਪਾਰ ਕਿਉਂ ਨਾ ਹੋਵੇ, ਭਾਵੇਂ ਸਹੁਰੇ ਘਰ ਬੈਠੀ ਹੋਵੇ ਪਰ ਹਮੇਸ਼ਾ ਆਪਣੇ ਮਾਪਿਆਂ ਨੂੰ ਲੋਚਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਬੇਟਾ ਪਰਿਵਾਰ ਦਾ ਵਾਰਿਸ ਹੈ ਤੇ ਬੇਟੀ ਪਰਾਇਆ ਧਨ ਵੀ ਪ੍ਰਮੁੱਖ ਕਾਰਨ ਹਨ ਪਰ ਜੇ ਪੁੱਤਰ ਦੇ ਹੱਥ ਹੀ ਬੁਢਾਪਾ ਸੁਰੱਖਿਅਤ ਹੈ ਤਾਂ ਅੱਜ ਥਾਂ-ਥਾਂ ਬਿਰਧ ਆਸ਼ਰਮ ਨਾ ਖੋਲ੍ਹਣੇ ਪੈਂਦੇ। ਉਨ੍ਹਾਂ ਕਿਹਾ ਕਿ ਮਰਦ ਇਹ ਕਿਉਂ ਨਹੀਂ ਸੋਚਦਾ, ਜੇ ਭੈਣ ਨਾ ਹੁੰਦੀ ਤਾਂ ਰੱਖੜੀ ਕਿਸ ਕੋਲੋਂ ਬੰਨ੍ਹਾਵੇਗਾ, ਨੂੰਹ ਕਿਥੋਂ ਆਵੇਗੀ, ਜੇ ਕੁੱਖ ਨਹੀਂ ਤਾਂ ਅਗਲੀ ਪੀੜ੍ਹੀ ਕਿਥੋਂ ਆਵੇਗੀ ਜੋ ਆਉਣ ਵਾਲੇ ਸਮੇਂ 'ਚ ਚਿੰਤਾਂ ਦਾ ਵਿਸ਼ਾ ਹਨ। ਉਨ੍ਹਾਂ ਕਿਹਾ ਕਿ ਕਿਤੇ ਹਾਲਾਤ ਇਹ ਨਾ ਬਣ ਜਾਣ ਕਿ ਸਾਨੂੰ ਆਪਣੇ ਪੁੱਤਰ ਹੋਰ ਸੂਬਿਆਂ ਤੋਂ ਵਿਆਹ ਕੇ ਲਿਆਉਣੇ ਪੈਣ। ਉਨ੍ਹਾਂ ਹਿੰਦੋਸਤਾਨ 'ਚ ਵਸਦੇ ਹਰ ਮਰਦ ਅਤੇ ਔਰਤ ਨੂੰ ਅਪੀਲ ਕਰਦਿਆਂ ਕਿਹਾ ਕਿ ਧੀਆਂ ਦਾ ਸਤਿਕਾਰ ਕਰੋ, ਪੁੱਤਰਾਂ ਵਾਂਗ ਪਿਆਰ ਕਰੋ।

**ਪਿੰਡ ਚੁੱਪਕੀਤੀ (ਮੋਗਾ)**

**ਮੋ. 94171-22044**